ਪੰਜਾਬ ਸਰਕਾਰ
ਸਿੱਖਿਆ ਵਿਭਾਗ

(Through Wabsite)

ਵੱਲ,

1) ਸਮੂਹ ਮੰਡਲ ਸਿੱਖਿਆ ਅਫਸਰ(ਸੈਸਿ), ਪੰਜਾਬ।
2) ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ) ਪੰਜਾਬ।
3) ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕ ਪੰਜਾਬ ਰਾਜ ਵਿੱਚ।
4) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ ਰਾਜ ਵਿੱਚ।

ਮੀਮੋ ਨੰ: 11/62/2017-5ਸਿ6/121-124
ਮਿਤੀ ਚੰਡੀਗੜ੍ਹ 20-07-2017

ਵਿਸ਼ਾ : **ਏ.ਸੀ.ਪੀ ਸਕੀਮ ਅਧੀਨ ਲਾਭ ਦੇਣ ਸਬੰਧੀ ਸਪੱਸਟੀਕਰਨ।**

ਉਪਰੋਕਤ ਵਿਸ਼ੇ ਤੇ ਇਸ ਦਫਤਰ ਦੇ ਪੱਤਰ ਨੰ: 15/61-2017ਕੋ ਸੈਲ(1)/423 ਮਿਤੀ 18-07-2017 ਦੀ ਲਗਾਤਾਰਤਾ ਵਿੱਚ ਏ.ਸੀ.ਪੀ ਸਕੀਮ ਅਧੀਨ ਲਾਭ ਦੇਣ ਲਈ ਹੇਠ ਲਿਖੇ ਅਨੁਸਾਰ ਸਪੱਸਟੀਕਰਨ ਦਿੱਤੇ ਜਾਂਦੇ ਹਨ:-

<table>
<tr><th>ਲੜੀ ਨੰ:</th><th>ਸਵਾਲ</th><th>ਸਪੱਸ਼ਟੀ ਕਰਨ</th></tr>
<tr><td>1</td><td>ਸਿੱਖਿਆ ਵਿਭਾਗ ਦੇ ਕਈ ਦਫਤਰਾਂ ਵੱਲੋਂ ਸਪੱਸਟੀਕਰਨ ਮੰਗਿਆ ਹੈ ਕਿ 4/9/14 ਸਾਲਾ ਪ੍ਰਵੀਨਤਾ ਤਰੱਕੀ ਦੇਣ ਸਮੇਂ ਇੱਕ ਤਰੱਕੀ ਦਾ ਲਾਭ ਹੀ ਦੇਣਾ ਹੈ ਜਾਂ ਅਗਲਾ ਸਕੇਲ ਵੀ ਦੇਣਾ ਹੈ ?</td><td>ਇਸ ਸਬੰਧੀ ਸਪੱਸਟ ਕੀਤਾ ਜਾਂਦਾ ਹੈ ਕਿ ਸਰਕਾਰ ਵੱਲੋਂ ਦਸੰਬਰ 2011 ਵਿੱਚ ਕਈ ਕੈਟਾਗਰੀਜ ਦੀ ਗ੍ਰੇਡ ਪੇ ਵਿੱਚ ਵਾਧਾ ਕੀਤਾ ਗਿਆ ਸੀ ਜਿਸ ਕਾਰਨ ਤਨਖਾਹ ਵਿੱਚ ਵਾਧਾ ਹੋਣ ਕਾਰਨ ਏ.ਸੀ.ਪੀ ਦੇ ਪ੍ਰਵਾਨਗੀ ਦੇਣ ਦੇ ਕੇਸ ਰੁੱਕ ਗਏ ਸੀ। ਇਸ ਸਬੰਧੀ ਦਸਿਆ ਜਾਂਦਾ ਹੈ ਕਿ ਹਾਲ ਦੀ ਘੜੀ 3% ਦੀ ਦਰ ਨਾਲ ਇੱਕ ਤਰੱਕੀ ਦਾ ਲਾਭ ਹੀ ਦੇਣਾ ਹੈ। ਅਗਲਾ ਸਕੇਲ/ਗ੍ਰੇਡ ਪੇ ਨਹੀ ਦਿੱਤੀ ਜਾਣੀ।</td></tr>
<tr><td>2</td><td>ਏ.ਸੀ.ਪੀ. ਦੇਣ ਲਈ ਕੁਆਲੀਫਾਈਂਗ ਸੇਵਾ ਕਿਹੜੀ ਗਿਣੀ ਜਾਣੀ ਹੈ।</td><td>ਜਿਹੜੀ ਸੇਵਾ ਸਾਲਾਨਾ ਤਰੱਕੀ ਅਤੇ ਸੀਨੀਆਰਤਾ ਲਈ ਗਿਣੀ ਜਾਣੀ ਹੈ ਉਹ ਸੇਵਾ ਏ.ਸੀ.ਪੀ. ਲਈ ਗਿਣੀ ਜਾਣੀ ਹੈ। ਮਸਲਨ ਤਦ ਅਰਥ /ਪ੍ਰਵੀਜਨਲ ਤੌਰ ਤੇ/ਠੇਕੇ ਦੇ ਆਧਾਰ ਤੇ ਕੀਤੀ ਸੇਵਾ ਜਾਂ ਸਾਲਾਨਾ ਤਰੱਕੀ ਦਾ ਲਾਭ ਨਾ ਮਿਲਣਯੋਗ ਬਿਨ੍ਹਾਂ ਤਨਖਾਹ ਛੁੱਟੀ/ਅਸਾਧਾਰਣ ਛੁੱਟੀ ਦਾ ਸਮਾਂ /ਮੁਅੱਤਲੀ ਅਧੀਨ ਸਮਾਂ ਜੋ ਡਿਊਟੀ ਟਰੀਟ ਨਹੀ ਕੀਤਾ ਗਿਆ ਹੈ ਜਾਂ ਭਵਿੱਖੀ ਅਸਰ ਸਹਿਤ ਬੰਦ ਕੀਤੀਆਂ ਗਈਆਂ ਸਜਾਵਾਂ ਆਦਿ ਦੌਰਾਨ ਕੀਤੀ ਗਈ ਸੇਵਾ ਦਾ ਲਾਭ ਇਸ ਸਕੀਮ ਅਧੀਨ ਮਿਲਣਯੋਗ ਨਹੀ ਹੈ।</td></tr>
<tr><td>3</td><td>ਜੇ ਕਿਸੇ ਕਰਮਚਾਰੀ ਨੂੰ ਸੀਨੀਅਰ ਸਕੇਲ/ਸਿਲੈਕਸ਼ਨ ਗ੍ਰੇਡ ਵਿੱਚ ਪਲੇਸਮੈਂਟ ਕੀਤੀ ਜਾਂਦੀ ਹੈ ਤਾਂ ਉਸਨੂੰ ਏ.ਸੀ.ਪੀ. ਦਿੱਤੀ ਜਾਣੀ ਹੈ ਜਾਂ ਨਹੀ।</td><td>ਜੇ ਕਿਸੇ ਕਰਮਚਾਰੀ ਨੂੰ ਸੀਨੀਅਰ ਸਕੇਲ/ਉਚੇਰੇ ਸਕੇਲ ਵਿੱਚ ਪਲੇਸਮੈਂਟ ਕਰਨ ਸਮੇਂ ਇੱਕ ਤਰੱਕੀ ਜਾਂ ਉਸ ਤੋਂ ਵੱਧ ਦਾ ਵਿੱਤੀ ਲਾਭ ਹੁੰਦਾ ਹੈ ਤਾਂ ਉਸਨੂੰ ਏ.ਸੀ.ਪੀ ਪਲੇਸਮੈਂਟ ਦੀ ਮਿਤੀ ਤੋਂ 4/9/14 ਸਾਲ ਗਿਣ ਕੇ ਏ.ਸੀ.ਪੀ ਦਾ ਲਾਭ ਦਿੱਤਾ ਜਾਣਾ ਹੈ। ਜੇਕਰ ਪਲੇਸਮੈਂਟ ਸਮੇਂ ਕੋਈ ਲਾਭ ਨਹੀ ਹੋਇਆ ਤਾਂ ਏ.ਸੀ.ਪੀ ਲਈ ਸੇਵਾ ਸੁਰੂ ਤੋਂ ਗਿਣ ਕੇ ਲਾਭ ਦਿੱਤਾ ਜਾਣਾ ਹੈ। ਉਦਾਹਰਣ ਹੇਠ ਅਨੁਸਾਰ ਹੈ।
<table>
<tr><th>ਸਕੇਲ /ਗ੍ਰੇਡ ਪੇ</th><th>ਤਨਖਾਹ</th><th>ਉਚੇਰਾ ਸਕੇਲ</th><th>ਪਲੇਸਮੈਂਟ ਉਪਰੰਤ ਤਨਖਾਹ</th><th>ਵਿਸੇਸ ਕਥਨ</th></tr>
<tr><td>5910 20200 1900</td><td>9080</td><td>5910 20200+2800</td><td>11170</td><td>ਇਸ ਕੇਸ ਵਿੱਚ ਇੱਕ ਸਾਲਾਨਾ ਤਰੱਕੀ ਤੋਂ ਵੱਧ ਦਾ ਲਾਭ ਹੋਇਆ ਹੈ। ਅਜਿਹੇ ਕੇਸਾਂ ਵਿੱਚ 4/9/14 ਸਾਲਾ ਏ.ਸੀ.ਪੀ ਦਾ</td></tr>
</table>
</td></tr>
</table>

| | | | | | | |
|---|---|---|---|---|---|---|
| | | ਉਹੀ | 10870 | ਉਹੀ | 11170 | ਲਾਭ ਦੇਣ ਲਈ ਸਮਾਂ ਪਲੇਸਮੈਂਟ ਦੀ ਮਿਤੀ ਤੋਂ ਗਿਣਿਆ ਜਾਵੇਗਾ। ਇਸ ਕੇਸ ਵਿੱਚ ਇੱਕ ਸਾਲਾਨਾ ਤਰੱਕੀ ਤੋਂ ਘੱਟ ਦਾ ਲਾਭ ਹੋਇਆ ਹੈ। ਅਜਿਹੇ ਕੇਸਾਂ ਵਿੱਚ 4/9/14 ਸਾਲਾ ਏ.ਸੀ.ਪੀ ਦਾ ਸਮਾਂ ਸ਼ੁਰੂ ਤੋਂ ਗਿਣਿਆ ਜਾਵੇਗਾ |

| | | |
|---|---|---|
| 4 | ਕਿਸੇ ਅਧਿਕਾਰੀ/ਕਰਮਚਾਰੀ ਦੀਆਂ ਪਿਛਲੇ ਪੰਜ ਸਾਲ ਦੀਆਂ ਏ.ਸੀ.ਆਰਜ਼ ਵਿੱਚੋਂ ਕੋਈ ਏ.ਸੀ.ਆਰ ਲਿਖੀ ਨਾ ਹੋਣ ਦੀ ਸੂਰਤ ਵਿੱਚ ਏ.ਸੀ.ਪੀ ਦੇਣ ਲਈ ਕਿਹੜੀ ਏ.ਸੀ.ਆਰ ਵੇਖਣੀ ਹੈ। | ਜੇਕਰ ਕਿਸੇ ਕਰਮਚਾਰੀ/ਅਧਿਕਾਰੀ ਦੀਆਂ ਪੰਜ ਸਾਲਾ ਏ.ਸੀ.ਆਰ ਵਿੱਚੋਂ ਕੋਈ ਏ.ਸੀ.ਆਰ ਲਿਖੀ ਨਹੀਂ ਗਈ ਹੈ ਤਾਂ ਉਨੀਆਂ ਏ.ਸੀ.ਆਰਜ਼ ਦਾ No Report ਸਰਟੀਫਿਕੇਟ ਜਾਰੀ ਕੀਤਾ ਹੋਣਾ ਚਾਹੀਦਾ ਹੈ ਅਤੇ ਉਨੀਆਂ ਹੀ ਪੁਰਬਲੀਆਂ ਏ.ਸੀ.ਆਰਜ਼ ਦੇ ਆਧਾਰ ਤੇ ਏ.ਸੀ.ਪੀ ਪ੍ਰਵਾਨ ਕੀਤੀ ਜਾਣੀ ਹੈ। |
| 5 | ਜੇਕਰ ਕਿਸੇ ਕਰਮਚਾਰੀ ਦੀ ਸੇਵਾ ਪੱਤਰੀ ਵਿੱਚ Censure or Warning ਦਾ ਇੰਦਰਾਜ ਕੀਤਾ ਹੋਇਆ ਹੈ ਤਾਂ ਉਸਦਾ ਏ.ਸੀ.ਪੀ ਤੇ ਕੀ ਪ੍ਰਭਾਵ ਪਵੇਗਾ। | Censure or Warning ਜਾਰੀ ਹੋਣ ਦੀ ਸੂਰਤ ਵਿੱਚ ਏ.ਸੀ.ਪੀ. ਦੀ ਪ੍ਰਵਾਨਗੀ ਦੇਣ ਲਈ ਕੋਈ ਪ੍ਰਭਾਵ ਨਹੀ ਪਵੇਗਾ। |
| 6 | ਕਿਸੇ ਕਰਮਚਾਰੀ ਵਿਰੁੱਧ ਚਾਰਜਸ਼ੀਟ, ਵਿਭਾਗੀ ਕਾਰਵਾਈ ਅਤੇ ਕਰੀਮੀਨਲ ਕੇਸ ਪੈਂਡਿੰਗ ਹੋਣ ਦੀ ਸੂਰਤ ਵਿੱਚ ਏ.ਸੀ.ਪੀ ਦੀ ਪ੍ਰਵਾਨਗੀ ਦਿੱਤੀ ਜਾਣੀ ਹੈ ਜਾਂ ਨਹੀ | ਕਿਸੇ ਕਰਮਚਾਰੀ ਵਿਰੁਧ ਚਾਰਜਸ਼ੀਟ, ਵਿਭਾਗੀ ਕਾਰਵਾਈ ਅਤੇ ਕਰੀਮੀਨਲ ਕੇਸ ਪੈਂਡਿੰਗ ਹੋਣ ਦੀ ਸੂਰਤ ਵਿੱਚ ਏ.ਸੀ.ਪੀ ਪ੍ਰਵਾਨ ਨਹੀ ਕੀਤੀ ਜਾਣੀ ਹੈ। |
| 7 | ਜੇਕਰ ਕਿਸੇ ਕਰਮਚਾਰੀ/ਅਧਿਕਾਰੀ ਵੱਲੋਂ ਪ੍ਰਮੋਸ਼ਨ ਫਾਰਗੋ ਕੀਤੀ ਗਈ ਹੋ ਤਾਂ ਕੀ ਉਸਨੂੰ ਪ੍ਰਵੀਨਤਾ ਤਰੱਕੀ ਦਿੱਤੀ ਜਾਣੀ ਹੈ। | ਜੇਕਰ ਕਿਸੇ ਕਰਮਚਾਰੀ/ਅਧਿਕਾਰੀ ਨੂੰ ਪਦ ਉੱਨਤੀ ਲਈ ਡੀ-ਬਾਰ (D-Bar) ਕੀਤਾ ਹੈ ਜਾਂ ਉਸ ਵੱਲੋਂ ਪ੍ਰਮੋਸ਼ਨ ਫਾਰਗੋ ਕੀਤੀ ਹੈ ਤਾਂ ਉਸਦਾ ਕੇਸ ਪ੍ਰਵੀਨਤਾ ਤਰੱਕੀ ਲਈ ਨਹੀ ਵਿਚਾਰਿਆ ਜਾਣਾ ਹੈ। |
| 8 | ਜੇਕਰ ਕਿਸੇ ਕਰਮਚਾਰੀ ਦਾ ਕਾਡਰ ਬਦਲ ਜਾਂਦਾ ਹੈ ਤਾਂ ਏ.ਸੀ.ਪੀ ਲਈ ਕਿਹੜੀ ਸੇਵਾ ਗਿਣੀ ਜਾਣੀ ਹੈ। | ਜੇ ਕਿਸੇ ਕਰਮਚਾਰੀ/ਅਧਿਕਾਰੀ ਦਾ ਕਾਡਰ ਬਦਲ ਜਾਂਦਾ ਹੈ ਜਿਵੇਂ ਕਿ ਜੇ.ਬੀ.ਟੀ ਤੋਂ ਮਾਸਟਰ ਕਾਡਰ ਜਾਂ ਕਲਰਕ ਤੋਂ ਮਾਸਟਰ ਕਾਡਰ ਵਿੱਚ ਆ ਜਾਂਦਾ ਹੈ ਤਾਂ ਪਹਿਲੇ ਕਾਡਰ ਦੀ ਸੇਵਾ ਏ.ਸੀ.ਪੀ ਲਈ ਨਹੀਂ ਗਿਣੀ ਜਾਣੀ ਹੈ ਭਾਵ ਏ.ਸੀ.ਪੀ ਲਾਭ ਦੇਣ ਲਈ ਇੱਕ ਕਾਡਰ ਦੀ ਸੇਵਾ ਹੋਣੀ ਜਰੂਰੀ ਹੈ। |
| 9 | ਮਿਤੀ 14-07-2017 ਨੂੰ ਜਾਰੀ ਹਦਾਇਤਾਂ ਦੇ ਹਵਾਲੇ ਨਾਲ ਫੀਲਡ ਦਫਤਰਾਂ ਦੇ ਕਰਮਚਾਰੀਆਂ ਵੱਲੋਂ ਪੁੱਛਿਆ ਜਾ ਰਿਹਾ ਹੈ ਕਿ 4 ਸਾਲਾ ਦੀ ਸੇਵਾ ਉਪਰੰਤ ਦੇਣ ਵਾਲੀ | ਇਸ ਸਬੰਧੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਰਿਕਾਰਡ ਉਸ ਸਮੇਂ ਦਾ ਵੇਖਿਆ ਜਾਣਾ ਹੈ ਜਿਸ ਸਮੇਂ ਦਾ ਏ.ਸੀ.ਪੀ ਸਕੀਮ ਤਹਿਤ ਲਾਭ ਦਿੱਤਾ ਜਾ ਰਿਹਾ ਹੈ। ਭਾਵ ਜੇਕਰ 4 ਸਾਲਾ ਏ.ਸੀ.ਪੀ ਦਾ ਲਾਭ ਦਿੱਤਾ ਜਾ ਰਿਹਾ ਹੈ ਤਾਂ ਪਿਛਲੇ 4 ਸਾਲ ਦਾ ਰਿਕਾਰਡ ਹੀ ਵੇਖਿਆ ਜਾਣਾ ਹੈ ਜਿਸ ਵਿੱਚ ਪਿਛਲੇ ਤਿੰਨ ਸਾਲਾ ਵਿੱਚੋਂ ਘੱਟੋ ਘੱਟ 2 ਸਾਲਾਂ ਦੀਆਂ ਏ.ਸੀ.ਆਰਜ਼ ਗੁੱਡ ਹੋਣੀਆਂ ਚਾਹੀਦੀਆਂ ਹਨ ਅਤੇ ਬਾਕੀ ਤਸੱਲੀਬਖਸ਼ ਹੋਣੀਆਂ ਚਾਹੀਦੀਆਂ ਹਨ। |

| | |
|---|---|
| ਪ੍ਰਵੀਨਤਾ ਤਰੱਕੀ ਵਾਸਤੇ ਪਿਛਲੇ 5 ਸਾਲ ਦੀਆਂ ਸਾਲਾਨਾ ਗੁਪਤ ਰਿਪੋਰਟਾਂ ਕਿਵੇਂ ਵੇਖੀਆ ਜਾ ਸਕਦੀਆਂ ਹਨ: | |

ਸੰਯੁਕਤ ਸਕੱਤਰ ਸਕੂਲ ਸਿੱਖਿਆ
ਪੰਜਾਬ ਚੰਡੀਗੜ੍ਹ।

ਪਿੱਠ ਅੰਕਣ ਨੰ: 11/62/2017-5ਸਿ6/125-128 ਮਿਤੀ 20-07-2017

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1 ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ, ਐਸ.ਏ.ਐਸ ਨਗਰ।

2 ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ, ਐਸ.ਏ.ਐਸ ਨਗਰ।

3 ਡਾਇਰੈਕਟਰ ਸਿੱਖਿਆ ਵਿਭਾਗ (ਐਸਿ) ਪੰਜਾਬ, ਐਸ.ਏ.ਐਸ ਨਗਰ।

4 ਡਾਇਰੈਕਟਰ ਐਸ.ਸੀ.ਈ.ਆਰ.ਟੀ ਪੰਜਾਬ, ਐਸ.ਏ.ਐਸ ਨਗਰ।

ਸੰਯੁਕਤ ਸਕੱਤਰ ਸਕੂਲ ਸਿੱਖਿਆ
ਪੰਜਾਬ ਚੰਡੀਗੜ੍ਹ